ਇੰਟਰਨੈਟ ਅਤੇ ਸਕੂਲ ਦੇ ਕੰਪਿਊਟਰ ਨੈਟਵਰਕ ਦੀ ਪ੍ਰਵਾਨਣਯੋਗ ਵਰਤੋਂ ਲਈ ਨੀਤੀ

ਮੂਲ ਕਾਰਣ

ਕਿਉਂਕਿ ਸਾਰੇ ਵਿਦਿਆਰਥੀ ਆਪਣੇ ਪੂਰੇ ਪਾਠਕ੍ਰਮ ਵਿੱਚ ਆਪਣੀ ਸਿਖਲਾਈ ਨੂੰ ਵਧਾਉਣ ਲਈ ICT ਦੀ ਵਰਤੋਂ ਕਰਨਾ ਚਾਹੁੰਦੇ ਹਨ, ਇਸ ਲਈ ਉਹ ਸਾਰੇ ਇੰਟਰਨੈਟ ਉਪਰ ਸਮੱਗਰੀ ਦਾ ਲੈਣ-ਦੇਣ ਕਰਦੇ ਹਨ। ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ ਢੁੱਕਵੀਆਂ ਵੈਬਸਾਈਟਾਂ ਬਾਰੇ ਸੇਧ ਦੇਣੀ ਚਾਹੀਦੀ ਹੈ ਜਿੱਥੇ ਉਹਨਾਂ ਵੱਲੋਂ ਅਜਿਹੀਆਂ ਵੈਬਸਾਈਟਾਂ ਦੀ ਵਰਤੋਂ ਉਹਨਾਂ ਦੇ ਸਿੱਖਣ ਵਿੱਚ ਯੋਗਦਾਨ ਪਾਉਂਦੀ ਹੈ ਅਤੇ ਉਹਨਾਂ ਦੇ ਸਿੱਖਣ ਦੇ ਤਜਰਬੇ ਦੀ ਗੁਣਵੱਤਾ ਨੂੰ ਸੁਧਾਰਦੀ ਹੈ। ਕਿਸੇ ਤਰ੍ਹਾਂ ਦੇ ਮੌਜੂਦ ਖਤਰਿਆਂ ਤੋਂ ਆਪਣੇ ਵਿਦਿਆਰਥੀਆਂ ਦੀ ਰੱਖਿਆ ਕਰਨ ਲਈ, ਇਹ ਸਕੂਲ ਦੇ ਸਟਾਫ਼ ਦੀ ਜ਼ਿੰਮੇਵਾਰੀ ਹੈ ਕਿ ਜਿੱਥੇ ਇੰਟਰਨੈਟ ਦੀ ਵਰਤੋਂ ਦੇ ਲਾਭ ਸਪਸ਼ਟ ਹੋਣ ਉਥੇ ਇਸਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਇੰਟਰਨੈਟ ਉਪਰ ਪਾਈ ਜਾਂਦੀ ਸਮੱਗਰੀ ਤੱਕ ਖੁੱਲ੍ਹੀ ਪਹੁੰਚ ਦੇ ਖਤਰਿਆਂ ਤੋਂ ਉਹਨਾਂ ਦੀ ਰਾਖੀ ਲਈ ਵੀ ਢੁੱਕਵੇਂ ਕਦਮ ਚੁੱਕੇ।

ਉਦੇਸ਼

ਢਾਂਚਾਗਤ ਅਤੇ ਨਿਗਰਾਨੀ ਭਰੇ ਢੰਗ ਨਾਲ ਇੰਟਰਨੈਟ ਦੀ ਵਰਤੋਂ ਕਰਨ ਵਿੱਚ ਸਕੂਲ:

- ਵਿਦਿਆਰਥੀਆਂ ਨੂੰ ਉਦੋਂ ਇੰਟਰਨੈਟ ਤੱਕ ਪਹੁੰਚ ਕਰਨ ਲਈ ਪ੍ਰੇਰਿਤ ਕਰਦਾ ਹੈ ਜਦੋਂ ਇਹ ਲਾਭਕਾਰੀ ਹੋਵੇ ਅਤੇ ਜਿੱਥੇ ਅਜਿਹੀ ਵਰਤੋਂ ਨੌਰਦਰਨ ਆਇਰਲੈਂਡ ਪਾਠਕ੍ਰਮ ਅਤੇ ਵਿਸ਼ੇ ਦੇ ਵਿਸ਼ੇਸ਼ ਵੇਰਵਿਆਂ ਦੀ ਉਹਨਾਂ ਦੀ ਸਮਝ ਵਿੱਚ ਸਹਾਇਤਾ ਕਰਦੀ ਹੋਵੇ
- ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀ ਅਜਿਹੇ ਹੁਨਰ ਹਾਸਲ ਕਰਨ ਜਿਹੜੇ ਉਹਨਾਂ ਲਈ ਨਾ ਸਿਰਫ਼ ਸਕੂਲ ਵਿੱਚ ਬਲਕਿ ਬਾਲਗ ਜੀਵਨ, ਵਿੱਚ, ਪੜ੍ਹਾਈ ਅਤੇ ਸਿਖਲਾਈ ਜਾਰੀ ਕਰਨ ਅਤੇ ਰੁਜ਼ਗਾਰ ਵਿੱਚ ਲਾਭਦਾਇਕ ਹੋਣ।
- ਇੰਟਰਨੈਟ ਦੀ ਵਰਤੋਂ ਕਰਦੇ ਸਮੇਂ ਅਣਇੱਛਤ ਤਜਰਬਿਆਂ ਅਤੇ/ਜਾਂ ਪ੍ਰਭਾਵਾਂ ਤੋਂ ਵਿਦਿਆਰਥੀਆਂ ਦੀ ਰਾਖੀ ਕਰਦਾ ਹੈ।
- ਵਿਦਿਆਰਥੀਆਂ ਨੂੰ ਕੰਪਿਊਟਰ ਸਾਜ਼-ਸਮਾਨ ਦੀ ਵਰਤੋਂ ਕਰਦੇ ਸਮੇਂ ਹੋਰਨਾਂ ਕੰਪਿਊਟਰ ਵਰਤਣ ਵਾਲਿਆਂ ਬਾਰੇ ਧਿਆਨ ਵਿੱਚ ਰੱਖਕੇ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ।
- ਇੰਟਰਨੈਟ ਅਤੇ ਕੰਪਿਊਟਰ ਨੈਟਵਰਕ ਦੀ ਵਰਤੋਂ ਕਰਦੇ ਸਮੇਂ ਵਿਦਿਆਰਥੀਆਂ ਨੂੰ ਚੰਗੀ ਕਾਰਜ-ਪ੍ਰਣਾਲੀ ਦੀ ਸਿਖਲਾਈ ਦਿੰਦਾ ਹੈ।

ਦਿਸ਼ਾ-ਨਿਰਦੇਸ਼

ਹਰੇਕ ਅਧਿਆਪਕ ਕੋਲ ਹਰੇਕ ਵਿਦਿਆਰਥੀ ਵੱਲੋਂ ਮਾਧਿਅਮ ਦੀ ਵਰਤੋਂ ਦਾ ਨਿਰੀਖਣ ਕਰਨ ਲਈ ਲੋੜੀਂਦੀ ਜਾਣਕਾਰੀ ਅਤੇ ਤਜਰਬਾ ਹੈ। ਅਧਿਆਪਕ ਆਪਣੀ ਜਾਣਕਾਰੀ ਅਤੇ ਹੁਨਰਾਂ ਨੂੰ ਬਾਕਾਇਦਾ ਅਧਾਰ 'ਤੇ ਤਾਜ਼ਾ ਬਣਾਉਂਦੇ ਹਨ ਤਾਂ ਕਿ ਉਹ ਇੰਟਰਨੈਟ 'ਤੇ ਉਚਿੱਤ ਸਮੱਗਰੀਆਂ ਲਈ ਵਿਦਿਆਰਥੀਆਂ ਨੂੰ ਸੇਧ ਦੇ ਸਕਣ। ਸਕੂਲ ਤੋਂ ਬਾਹਰ, ਮਾਪਿਆਂ/ਸਰਪਰਸਤਾਂ ਦੀ ਅਜਿਹੀ ਸੇਧ ਲਈ ਉਹੀ ਜ਼ਿੰਮੇਵਾਰੀ ਹੈ ਕਿਉਂਕਿ ਉਹ ਟੈਲੀਵਿਜ਼ਨ, ਮੋਬਾਈਲ ਟੈਲੀਫ਼ੋਨਾਂ, ਫਿਲਮਾਂ, ਰੇਡੀਓ, ਸੀਡੀਜ਼ ਵਰਗੇ ਜਾਣਕਾਰੀ ਮਾਧਿਅਮਾਂ ਦੇ ਸੰਪਰਕ ਵਿਚ ਆਉਣਗੇ।

ਜੇ ਘਰ ਵਿੱਚ ਜਾਣਕਾਰੀ ਤੱਕ ਪਹੁੰਚ ਕਰਨ ਲਈ ਕੰਪਿਊਟਰਾਂ ਦੀ ਵਰਤੋਂ ਕਰਨ ਬਾਰੇ ਮਾਪਿਆਂ ਨੂੰ ਕੋਈ ਚਿੰਤਾਵਾਂ ਹੋਣ ਤਾਂ ਸਟਾਫ਼ ਨੂੰ ਮਾਪਿਆਂ ਨੂੰ ਸਲਾਹ ਦੇਣ ਵਿੱਚ ਖੁਸ਼ੀ ਹੋਵੇਗੀ।

- ਸਕੂਲ ਵਿਦਿਆਰਥੀਆਂ ਅਤੇ ਸਟਾਫ਼ ਲਈ ਇੰਟਰਨੈਟ ਤੱਕ ਸਾਫ਼-ਸੁਥਰੀ ਅਤੇ ਨਿਗਰਾਨੀ ਵਾਲੀ ਪਹੁੰਚ ਪ੍ਰਦਾਨ ਕਰਦਾ ਹੈ। ਹਾਲਾਂਕਿ, ਸਾਫ਼-ਸੁਥਰੀ ਜਾਣਕਾਰੀ ਪ੍ਰਦਾਨ ਕਰਨ ਦੀ ਸੇਵਾ ਪੂਰੀ ਤਰ੍ਹਾਂ ਸਰਲ ਨਹੀਂ ਹੋ ਸਕਦੀ, ਅਤੇ ਅਧਿਆਪਕ ਯਕੀਨੀ ਬਣਾਉਂਦੇ ਹਨ ਕਿ ਇੰਟਰਨੈਟ ਦੀ ਵਰਤੋਂ ਕਰਨ ਵਾਲੇ ਵਿਦਿਆਰਥੀ ਜ਼ਿੰਮੇਵਾਰਾਨਾ ਢੰਗ ਨਾਲ ਪੇਸ਼ ਆਉਣ।
- ਇੰਟਰਨੈਟ ਦੀ ਪ੍ਰਵਾਨਣਯੋਗ ਵਰਤੋਂ ਬਾਰੇ ਸਕੂਲ ਦੀ ਨੀਤੀ ਦੀ ਇੱਕ ਕਾਪੀ ਬੇਨਤੀ ਕਰਨ 'ਤੇ ਮਾਪਿਆਂ ਲਈ ਉਪਲਬਧ ਹੈ।
- ਵਿਦਿਆਰਥੀਆਂ ਅਤੇ ਸਟਾਫ਼ ਨੂੰ ਜਾਣੂੰ ਕਰਵਾਇਆ ਜਾਂਦਾ ਹੈ ਕਿ ਸਕੂਲ ਉਹਨਾਂ ਵੱਲੋਂ ਦੇਖੀਆਂ ਗਈਆਂ ਵੈਬਸਾਈਟਾਂ, ਇੰਟਰਨੈਟ 'ਤੇ ਕੀਤੀਆਂ ਗਈਆਂ ਖੋਜਾਂ ਅਤੇ ਉਹਨਾਂ ਵੱਲੋਂ ਭੇਜੀਆਂ ਗਈਆਂ ਅਤੇ ਪ੍ਰਾਪਤ ਕੀਤੀਆਂ ਗਈਆਂ ਈ-ਮੇਲਾਂ ਨੂੰ ਦੇਖ ਸਕਦਾ ਹੈ ਅਤੇ ਉਹਨਾਂ ਦਾ ਰਿਕਾਰਡ ਰੱਖ ਸਕਦਾ ਹੈ।
- ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜਾਣੂੰ ਕਰਵਾਇਆ ਜਾਂਦਾ ਹੈ ਕਿ ਸਕੂਲ ਦੇ ਨੈਟਵਰਕਾਂ ਉੱਪਰ ਫਾਈਲਾਂ ਅਤੇ ਸੂਚਨਾ ਦੇ ਲੈਣ-ਦੇਣ ਦੀ ਨਿਗਰਾਨੀ ਕੀਤੀ ਜਾਂਦੀ ਹੈ। ਜਦਕਿ ਪਾਸਵਰਡ ਨਿਯੰਤ੍ਰਣਾਂ ਰਾਹੀਂ ਆਮ ਨਿੱਜਤਾ ਦਾ ਮਾਣ

ਕੀਤਾ ਜਾਂਦਾ ਹੈ ਅਤੇ ਉਹਨਾਂ ਦੀ ਰੱਖਿਆ ਕੀਤੀ ਜਾਂਦੀ ਹੈ, ਪ੍ਰਯੋਗਕਰਤਿਆਂ ਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਸਕੂਲ ਦੇ ਸਰਵਰਾਂ 'ਤੇ ਸਾਂਭੀਆਂ ਗਈਆਂ ਫ਼ਾਈਲਾਂ ਪੂਰਨ ਰੂਪ ਵਿੱਚ ਅਤੇ ਬਿਨਾ ਸ਼ਰਤੋਂ ਗੁਪਤ ਨਹੀਂ ਹਨ।

ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ :

- ਦੂਜੇ ਵਿਦਿਆਰਥੀਆਂ ਅਤੇ ਸਕੂਲਾਂ ਜਿੱਥੇ ਅਜਿਹੀ ਗਤੀਵਿਧੀ ਸਕੂਲ ਦੇ ਕੰਮ ਦਾ ਹਿੱਸਾ ਹੋਵੇ, ਨਾਲ ਸੂਚਨਾ ਦੇ ਲੈਣ-ਦੇਣ ਲਈ ਈਮੇਲ ਸਹੂਲਤਾਂ ਦੀ ਵਰਤੋਂ ਕਰਨ।
- ਸਕੂਲ ਦੇ ਵਿਸ਼ਿਆਂ ਦੀ ਖੋਜ ਕਰਨ ਲਈ ਇੰਟਰਨੈਟ ਦੀ ਵਰਤੋਂ ਕਰਨ।
- ICT ਹੁਨਰਾਂ ਅਤੇ ਆਮ ਖੋਜ ਦੇ ਹੁਨਰਾਂ ਵਿੱਚ ਆਪਣੀ ਸਮਰੱਥਾ ਵਿਕਸਿਤ ਕਰਨ।

ਵਿਦਿਆਰਥੀਆਂ ਨੂੰ ਇਹਨਾਂ ਦੀ ਆਗਿਆ ਨਹੀਂ ਹੈ :

- ਕਾਪੀਰਾਈਟ ਰਾਹੀਂ ਸੁਰੱਖਿਅਤ ਸਮੱਗਰੀ ਨੂੰ, ਪ੍ਰਵਾਨਗੀ ਤੋਂ ਬਿਨਾਂ ਕਾਪੀ ਕਰਨਾ, ਸਾਂਭਣਾ ਅਤੇ/ਜਾਂ ਮੁੜ ਵੰਡਣਾ। ਜੇ ਵਿਦਿਆਰਥੀਆਂ ਨੂੰ ਪੱਕਾ ਪਤਾ ਨਾ ਹੋਵੇ ਕਿ ਸਮੱਗਰੀ ਕਾਪੀਰਾਈਟ ਰਾਹੀਂ ਸੁਰੱਖਿਅਤ ਕੀਤੀ ਗਈ ਹੈ, ਤਾਂ ਅਧਿਆਪਕ ਉਹਨਾਂ ਨੂੰ ਸੇਧ ਦੇਣ ਲਈ ਢੁੱਕਵੀਂ ਜਾਣਕਾਰੀ ਮੁਹੱਈਆ ਕਰਨਗੇ।
- ਕੋਈ ਸੇਵਾਵਾਂ ਦੀ ਗਾਹਕੀ ਲੈਣਾ ਜਾ ਕੋਈ ਚੀਜ਼ਾਂ ਜਾਂ ਸੇਵਾਵਾਂ ਮੰਗਵਾਉਣਾ
- ਕੰਪਿਊਟਰ ਗੇਮਜ਼ ਖੇਡਣਾ ਜਾਂ ਆਪਸ ਵਿੱਚ 'ਗੱਲਬਾਤ' (ਚੈਟ) ਕਰਨ ਵਾਲੀਆਂ ਸਾਈਟਾਂ ਦੀ ਵਰਤੋਂ ਕਰਨਾ
- ਅਜਿਹੇ ਢੰਗ ਨਾਲ ਨੈਟਵਰਕ ਦੀ ਵਰਤੋਂ ਕਰਨਾ ਜੋ ਹੋਰਨਾਂ ਪ੍ਰਯੋਗਕਰਤਿਆਂ ਵੱਲੋਂ ਨੈਟਵਰਕ ਦੀ ਵਰਤੋਂ ਕਰਨ ਵਿੱਚ ਰੁਕਾਵਟ ਪਾਉਂਦਾ ਹੋਵੇ
- ਆਗਿਆ ਤੋਂ ਬਿਨਾ ਸਾਫ਼ਟਵੇਅਰ ਜਾਂ ਹੋਰ ਫ਼ਾਈਲਾਂ ਡਾਊਨਲੋਡ ਕਰਨਾ
- ਕਿਸੇ ਸਕੂਲ ਮਸ਼ੀਨ 'ਤੇ ਸਾਫ਼ਟਵੇਅਰ ਲੋਡ ਕਰਨਾ ਬਸ਼ਰਤੇ ਅਜਿਹੀ ਗਤੀਵਿਧੀ ਕਿਸੇ ਅਧਿਆਪਕ ਵੱਲੋਂ ਪ੍ਰਵਾਨ ਕੀਤੀ ਗਈ ਹੋਵੇ
- ਅਣਉਚਿੱਤ ਈਮੇਲਾਂ ਭੇਜਣਾ
- ਕਿਸੇ ਪ੍ਰਯੋਗਕਰਤਾ ਬਾਰੇ ਕੋਈ ਨਿੱਜੀ ਜਾਣਕਾਰੀ (ਜਿਵੇਂ ਕਿ: ਘਰ ਦਾ ਪਤਾ; ਈਮੇਲ ਪਤਾ; ਫ਼ੋਨ ਨੰਬਰ) ਪ੍ਰਕਾਸ਼ਤ ਕਰਨਾ, ਸਾਂਝੀ ਕਰਨਾ ਜਾਂ ਵੰਡਣਾ
- ਕਿਸੇ ਹੋਰ ਪ੍ਰਯੋਗਕਰਤਾ ਦਾ ਪਾਸਵਰਡ ਵਰਤਣਾ ਜਾਂ ਹੋਰਨਾਂ ਪ੍ਰਯੋਗਕਰਤਿਆਂ ਨੂੰ ਉਸਦਾ ਪਾਸਵਰਡ ਵਰਤਣ ਲਈ ਦੇਣਾ
- ਹੋਰਨਾਂ ਨੂੰ ਕੋਈ ਅਜਿਹੀ ਜਾਣਕਾਰੀ ਭੇਜਣਾ, ਜਾਂ ਕਿਸੇ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਹੋਣਾ ਜੋ ਦੂਜੇ ਵਿਦਿਆਰਥੀ ਦੇ ਕੰਮ ਨੂੰ ਖਰਾਬ ਕਰ ਸਕਦੀ ਹੋਵੇ ਜਾਂ ਨੁਕਸਾਨ ਪਹੁੰਚਾ ਸਕਦੀ ਹੋਵੇ
- ਕਿਸੇ ਅਧਿਆਪਕ ਦੀ ਮੌਜੂਦਗੀ ਤੋਂ ਬਿਨਾਂ ਸਕੂਲ ਵੱਲੋਂ ਮੁਹੱਈਆ ਕੀਤੀਆਂ ਇੰਟਰਨੈਟ ਸੇਵਾਵਾਂ ਦੀ ਵਰਤੋਂ ਕਰਨਾ
- ਅਪਮਾਨਜਨਕ ਜਾਣਕਾਰੀ ਜਾਂ ਤਸਵੀਰਾਂ ਮੁੜ ਲੱਭਣਾ, ਭੇਜਣਾ, ਕਾਪੀ ਕਰਨਾ ਜਾਂ ਡਿਸਪਲੇਅ ਕਰਨਾ
- ਅਸ਼ਲੀਲ, ਵਿਤਕਰੇ ਭਰੀ ਜਾਂ ਨਸਲੀ ਭਾਸ਼ਾ ਦੀ ਵਰਤੋਂ ਕਰਨਾ, ਦੂਜਿਆਂ ਨੂੰ ਸਤਾਉਣਾ, ਬੇਇੱਜ਼ਤੀ ਕਰਨਾ ਜਾਂ ਉਹਨਾਂ 'ਤੇ ਹਮਲਾ ਕਰਨਾ
- ਕੰਪਿਊਟਰਾਂ, ਕੰਪਿਊਟਰ ਸਿਸਟਮ ਜਾਂ ਕੰਪਿਊਟਰ ਨੈਟਵਰਕਾਂ ਨੂੰ ਨੁਕਸਾਨ ਪਹੁੰਚਾਉਣਾ
- ਕਿਸੇ ਹੋਰ ਗਤੀਵਿਧੀ ਜੋ ਸਕੂਲ ਦੇ ਕਿਸੇ ਨਿਯਮ ਜਾਂ ਸਕੂਲ ਦੀ ਨੀਤੀ ਦੀ ਉਲੰਘਣਾ ਕਰਦੀ ਹੋਵੇ, ਲਈ ਸਕੂਲ ਦੇ ਕੰਪਿਊਟਰ ਦੇ ਸਾਜ਼-ਸਮਾਨ ਦੀ ਵਰਤੋਂ ਕਰਨਾ